ਕਲਾਸ - ਅੱਠਵੀਂ ਵਿਸ਼ਾ-ਪੰਜਾਬੀ ਕੁੱਲ ਅੰਕ- 90 ਸਰਕਾਰੀ ਹਾਈ ਸਕੂਲ ਹੁਸਨਰ

1.ਸੁੰਦਰ ਲਿਖਾਈ 5 ਅੰਕ

2.ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ ।ਹੇਠ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉਤਰ ਦਿਓ 5 ਅੰਕ

ਕਿਸੇ ਖੁਸ਼ੀ ਦੇ ਅਵਸਰ ਤੇ ਜਦੋਂ ਸਾਡੇ ਅੰਦਰੋਂ ਖੁਸ਼ੀ ਦੀਆਂ ਲਹਿਰਾਂ ਉੱਠਦੀਆਂ ਹਨ ਤਾਂ ਸਾਡਾ ਮਨ ਵਜਦ ਵਿਚ ਆ ਜਾਂਦਾ ਹੈ।ਰਾਗ ਅਤੇ ਤਾਲ ਦੇ ਸੁਮੇਲ ਨਾਲ਼ ਮਨੁੱਖ ਨੱਚ ਉੱਠਦਾ ਹੈ ।ਇੱਕ ਮਨੁੱਖ ਦੀ ਖੁਸ਼ੀ ਵਿਚ ਸ਼ਾਮਲ ਹੋਣ ਲਈ ਜਦੋਂ ਦੂਸਰੇ ਸਾਥੀ ਉਸ ਨਾਲ਼ ਰਲ਼ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਸ ਸਮੂਹਿਕ ਨਾਚ ਨੂੰ ਲੋਕ-ਨਾਚ ਦਾ ਨਾਂ ਦਿੰਦੇ ਹਨ।ਗਿੱਧਾ ਪੰਜਾਬ ਦੀਆਂ ਮੁਟਿਆਰਾਂ ਦਾ ਮਨਮੋਹਕ ਲੋਕ ਨਾਚ ਹੈ।ਗਿੱਧਾ ਕਿਸੇ ਵੀ ਖੁਸ਼ੀ ਦੇ ਮੌਕੇ ਤੇ ਪਾਇਆ ਜਾ ਸਕਦਾ ਹੈ ।ਸਾਉਣ ਦੇ ਮਹੀਨੇ ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਇਕ ਤਿਉਹਾਰ ਦੇ ਰੂਪ ਵਿੱਚ ਮਨਾਂਉਦੀਆਂ ਹਨ,ਜਿਸਨੂੰ 'ਤੀਆਂ ਦਾ ਤਿਉਹਾਰ ਆਖਦੇ ਹਨ।ਗਿੱਧਾ ਪਾਉਣ ਵੇਲ਼ੇ ਮਨ ਦੇ ਭਾਵ ਪ੍ਰਗਟਾਉਣ ਲਈ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ।ਬੋਲੀਆਂ ਦਾ ਅਰੰਭ ਦੇਵੀ-ਦੇਵਤਿਆਂ ਨੂੰ ਧਿਆ ਕੇ ਕੀਤਾ ਜਾਂਦਾ ਹੈ।

ੳ. ਮਨੁੱਖ ਕਿਸ ਦੇ ਸੁਮੇਲ ਨਾਲ਼ ਨੱਚ ਉਠਦਾ ਹੈ?

1.ਲਹਿਰਾਂ ਦੇ 2. ਦੂਸਰੇ ਸਾਥੀਆਂ ਦੇ 3.ਲੋਕ ਨਾਚ ਦੇ 4. ਰਾਗ ਤੇ ਤਾਲ ਦੇ

ਅ. ਲੋਕ-ਨਾਚ ਕਿਸਨੂੰ ਕਿਹਾ ਜਾਂਦਾ ਹੈ?

1. ਸਰੀਰਕ ਹਰਕਤਾਂ ਨੂੰ 2. ਸਮੂਹਿਕ ਨਾਚ ਨੂੰ 3.ਨੱਚਣ ਨੂੰ 4.ਉਪਰੋਕਤ ਵਿਚੋਂ ਕੋਈ ਨਹੀਂ

ੲ. ਪੰਜਾਬ ਦੀਆਂ ਮੁਟਿਆਰਾਂ ਦਾ ਮੁੱਖ ਲੋਕ-ਨਾਚ ਕਿਹੜਾ ਹੈ?

1. ਗਿੱਧਾ 2. ਭੰਗੜਾ 3. ਧਮਾਲ 4. ਸੰਮੀ

ਸ. ਤੀਆਂ ਦਾ ਤਿਉਹਾਰ ਕਿਹੜੇ ਮਹੀਨੇ ਮਨਾਇਆ ਜਾਂਦਾ ਹੈ?

1. ਜੇਠ 2. ਹਾੜ 3. ਸਾਉਣ 4. ਭਾਦੋਂ

ਹ. ਗਿੱਧਾ ਪਾਉਣ ਵੇਲੇ ਕੀ ਪਾਇਆ ਜਾਂਦਾ ਹੈ?

1. ਭੰਗੜਾ 2. ਜੁੱਤੀ 3. ਬੋਲੀਆਂ 4.ਸੂਟ

3.ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉਤਰ ਦਿਓ 5 ਅੰਕ

ਰੂਪਨਗਰ ਪੰਜਾਬ ਦਾ ਇਕ ਪੁਰਾਣਾ ਸ਼ਹਿਰ ਹੈ।ਅੰਮ੍ਰਿਤਸਰ,ਜਲੰਧਰ,ਪਟਿਆਲਾ,ਫਰੀਦਕੋਟ ਜਿਹੇ ਹੋਰ ਕਸ਼ਹਿਰ ਵੀ ਪੁਰਾਣੇ ਹਨ।ਰੂਪਨਗਰ ਦਾ ਪਹਿਲਾਂ ਨਾਂ ਰੋਪੜ ਸੀ।16 ਨਵੰਬਰ 1976 ਨੂੰ ਇਸ ਸ਼ਹਿਰ ਅਤੇ ਜਿਲ੍ਹੇ ਦਾ ਨਾਂ ਰੋਪੜ ਕਰ ਦਿੱਤਾ ਗਿਆ।ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ।ਇਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਵਸਿਆ ਹੋਇਆ ਹੈ।ਸਤੁਲਜ ਦਰਿਆ ਇਸ ਦੇ ਕੋਲੋਂ ਵਹਿੰਦਾ ਹੈ।ਇਸ ਦਰਿਆ ਵਿਚੋਂ ਕੱਢੀ ਗਈ ਸਰਹਿੰਦ ਨਹਿਰ ਵੀ ਇੱਥੋਂ ਹੀ ਵਹਿਣਾ ਅਰੰਭ ਕਰਦੀ ਹੈ।ਬਿਸਤ ਦੁਆਬ ਨਾਂ ਦੀ ਇਕ ਹੋਰ ਨਹਿਰ ਦਰਿਆ ਦੇ ਦੂਜੇ ਕਿਨਾਰੇ ਤੋਂ ਕੱਢੀ ਗਈ ਹੈ।ਦੁਆਬੇ ਦੇ ਕੁਝ ਭਾਗਾਂ ਨੂੰ ਇਸ ਦਾ ਪਾਣੀ ਜਾਂਦਾ ਹੈ।ਨੰਗਲ,ਭਾਖੜਾ ਡੈਮ ਤੋਂ ਕੱਢੀ ਗਈ ਭਾਖੜਾ ਨਹਿਰ ਵੀ ਰੂਪਨਗਰ ਦੇ ਕੋਲੋਂ ਲੰਘਦੀ ਹੈ।ਰੂਪਨਗਰ ਵਿਖੇ ਸਤਲੁਜ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਹੈੱਡਵਰਕਸ ਬਣਾਇਆ ਗਿਆ ਹੈ।ਇਸ ਹੈੱਡਵਰਕਸ ਦੇ ਉੱਪਰਲੇ ਪਾਸੇ ਸਤਲੁਜ ਦਰਿਆ ਇੱਕ ਵੱਡੀ ਝੀਲ ਵਾਂਗ ਦਿਸਦਾ ਹੈ।ਇੱਥੇ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ ਸਪਾਟੇ ਲਈ ਥਾਂ ਬਣਾ ਦਿੱਤੀ ਹੈ।ਇਸ ਪ੍ਰਕਾਰ ਇਹ ਸ਼ਹਿਰ ਕੁਦਰਤੀ ਦ੍ਰਿਸ਼ਾ ਨਾਲ਼ ਭਰਪੂਰ ਹੈ।

ੳ. ਰੂਪਨਗਰ ਦਾ ਪਹਿਲਾ ਨਾਂ ਕੀ ਸੀ?

1. ਅੰਮ੍ਰਿਤਸਰ 2. ਰੋਪੜ 3. ਜਲੰਧਰ 4. ਹੁਸ਼ਿਆਰਪੁਰ

ਅ. ਰੂਪਨਗਰ ਦੇ ਕੋਲੋਂ ਕਿਹੜੀ ਨਹਿਰ ਲੰਘਦੀ ਹੈ?

1. ਬਿਸਤ ਦੁਆਬ 2. ਭਾਖੜਾ 3. ਸਰਹਿੰਦ 4. ਉਪਰੋਕਤ ਸਾਰੇ

ੲ. ਕਿਹੜਾ ਦਰਿਆ ਰੂਪਨਗਰ ਕੋਲ਼ੋ ਵਹਿੰਦਾ ਹੈ?

1. ਸਤਲੁਜ 2. ਬਿਆਸ 3. ਰਾਵੀ 4.ਜੇਹਲਮ

ਸ. ਰੂਪਨਗਰ ਵਿਖੇ ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿਚ ਭੇਜਣ ਲਈ ਕੀ ਬਣਾਇਆ ਗਿਆ ਹੈ?

1. ਝੀਲ 2. ਨਹਿਰ 3. ਦਰਿਆ 4. ਹੈੱਡਵਰਕਸ

ਹ. ਕਿਹੜਾ ਸ਼ਹਿਰ ਕੁਦਰਤੀ ਦ੍ਰਿਸ਼ਾ ਨਾਲ਼ ਭਰਪੂਰ ਹੈ?

1. ਰੂਪਨਗਰ 2. ਪਟਿਆਲਾ 3. ਜਲੰਧਰ 4. ਹੁਸ਼ਿਆਰਪੁਰ

4. ਵਿਆਕਰਨ ਨਾਲ਼ ਸਬੰਧਿਤ ਪ੍ਰਸ਼ਨ।ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ 20*1= 20 ਅੰਕ

1. ਸਹੀ/ਗਲਤ ਦੀ ਚੋਣ ਕਰੋ 5 ਅੰਕ

ੳ. ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ. ਸਹੀ/ਗਲਤ

ਅ. ਪੜਨਾਂਵ ਚਾਰ ਪ੍ਰਕਾਰ ਦੇ ਹੁੰਦੇ ਹਨ. ਸਹੀ/ਗਲਤ

ੲ. ਅੰਮ੍ਰਿਤਸਰ ਸ਼ਬਦ ਕਿਰਿਆ ਹੈ. ਸਹੀ/ਗਲਤ

ਸ. ਕੁੜੀਆਂ ਸ਼ਬਦ ਇਕਵਚਨ ਹੈ. ਸਹੀ/ਗਲਤ

ਏ. ਮੁਟਿਆਰ ਦਾ ਵਿਰੋਧੀ ਸ਼ਬਦ ਗੱਭਰੂ ਹੈ. ਸਹੀ/ਗਲਤ

5. ਖਾਲ਼ੀ ਸਥਾਨ ਭਰੋ. 5 ਅੰਕ

ੳ. ਰੂਪਨਗਰ .........ਨਾਂਵ ਹੈ। ਆਮ ਨਾਂਵ/ਖਾਸ਼ ਨਾਂਵ

ਅ. ਗਲ਼ ਪਿਆ.......... ਵਜਾਉਣਾ। ਢੋਲ/ ਹਾਰ

ੲ. ਜੋ ਦੂਸਰਿਆਂ ਦਾ ਭਲਾ ਕਰੇ.........। ਪਰਉਪਕਾਰੀ/ ਅਕ੍ਰਿਤਘਣ

ਸ. ਵੱਸਣਾ ਦਾ ਵਿਰੋਧੀ ਸ਼ਬਦ ਹੈ..........। ਉੱਜੜਨਾ/ ਟਿਕਣਾ

ਹ. ਵਿਸ਼ੇਸ਼ਣ ......... ਪ੍ਰਕਾਰ ਦੇ ਹੁੰਦੇ ਹਨ। ਪੰਜ/ ਸੱਤ

6. ਮਿਲਾਣ ਕਰੋ- 5 ਅੰਕ

| | |
|---|---|
| ਖੁਸ਼ੀ | ਭੰਗੜਾ |
| ਖੇਡਣਾ | ਭਾਵਵਾਚਕ ਨਾਂਵ |
| ਤੂੰ | ਖਾਸ਼ ਨਾਂਵ |
| ਸਤਲੁਜ | ਪੜਨਾਂਵ |
| ਗਿੱਧਾ | ਕਿਰਿਆ |

7. ਵਸਤੂਨਿਸ਼ਠ ਪ੍ਰਸ਼ਨ 5 ਅੰਕ

ੳ. ਕਿਸੇ ਵਿਅਕਤੀ,ਵਸਤੂ,ਸਥਾਨ,ਹਾਲਤ,ਗੁਣ,ਭਾਵ ਆਦਿ ਦਾ ਬੋਧ ਕਰਵਾਉਣ ਵਾਲੇ ਸ਼ਬਦ ਕੀ ਹੁੰਦੇ ਹਨ?

1. ਨਾਂਵ 2. ਪੜਨਾਂਵ 3. ਵਿਸ਼ੇਸ਼ਣ 4. ਕਿਰਿਆ

ਅ. ਪੁਰਖ ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

1. ਦੋ 2. ਇਕ 3. ਚਾਰ 4. ਤਿੰਨ

ੲ. ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ ਜੋੜ ਲੱਭੋ-

1. ਮੇਹਨਤ 2. ਮਹੇਨਤ 3. ਮਿਹਨਤ 4. ਮਹਿਨਤ

ੲ. ਗੀਤਾ ਸਿਆਣੀ ਕੁੜੀ ਹੈ।ਵਾਕ ਵਿਚੋਂ ਵਿਸ਼ੇਸ਼ਣ ਚੁਣੋ-

1. ਗੀਤਾ 2. ਕੁੜੀ 3. ਸਿਆਣੀ 4.ਹੈ

ਸ. ਥਰ-ਥਰ ਕੰਬਣਾ' ਮੁਹਾਵਰੇ ਦਾ ਸਹੀ ਅਰਥ ਚੁਣੋ:

1. ਠੰਡ ਲੱਗਣਾ 2. ਬਹੁਤ ਡਰਨਾ 3. ਬੁਖਾਰ ਹੋਣਾ 4. ਉਪਰੋਕਤ ਵਿਚੋਂ ਕੋਈ ਨਹੀਂ

8. ਹੇਠਾਂ ਦਿੱਤੀਆਂ ਸਤਰਾਂ ਵਿਚੋਂ ਕਿਸੇ ਇਕ ਦੇ ਭਾਵ ਅਰਥ ਸਪੱਸ਼ਟ ਕਰੋ- 4 ਅੰਕ

ਤੇਰੇ ਜ਼ੱਰੇ-ਜ਼ੱਰੇ ਅੰਦਰ,ਅਪਣੱਤ ਜਿਹੀ ਕੋਈ ਵੱਸਦੀ ਹੈ,
ਤੇਰੀ ਗੋਦੀ ਵਿੱਚ ਬਹਿੰਦਿਆ ਹੀ,ਦੁਨੀਆਂ ਦੀ ਚਿੰਤਾ ਨੱਸਦੀ ਹੈ।

ਜਾਂ

ਲਾਟੂ ਵਾਂਗ ਧੁਰੀ ਦੁਆਲ਼ੇ,ਰਹਾਂ ਘੁੰਮਦੀ ਆਪਣੀ ਚਾਲੇ,
ਘੁੰਮਣ ਕਾਰਨ ਦਿਨ ਤੇ ਰਾਤ,ਵਾਰੋ ਵਾਰੀ ਮਾਰਨ ਝਾਤ।

9. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉਤਰ ਦਿਓ: 5*2= 10 ਅੰਕ

1. ਵਿਦਿਆਰਥੀਆਂ ਨੇ ਚੰਡੀਗੜ ਕਿਹੜੀਆਂ ਥਾਵਾਂ ਵੇਖੀਆਂ?

2.ਬਾਬਾ ਫਰੀਦ ਜੀ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਦੇ ਸਨ?

3.ਲੋਕਾਂ ਵੱਲੋਂ ਰੁੱਖਾਂ ਦੀ ਅੰਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਨਿਕਲਿਆ?

4.ਗਿੱਧਾ ਕਦੋਂ ਪਾਇਆ ਜਾਂਦਾ ਹੈ?

5.ਇਕ ਅਧਿਕਾਰੀ ਵਜੋਂ ਡਾ. ਰੰਧਾਵਾ ਕਿਹੜੇ-ਕਿਹੜੇ ਮੁੱਖ ਅਹੁਦਿਆਂ ਤੇ ਸਸ਼ੋਭਿਤ ਰਹੇ?

6.ਪਹਿਲਾਂ ਧਰਤੀ ਕਿਹੋ ਜਿਹੀ ਸੀ?

7.ਤੋਪਚੀਆਂ ਦੇ ਸਰਦਾਰ ਨੇ ਪੰਜਾਬ ਕੌਰ ਨੂੰ ਕੀ ਕਿਹਾ?

10. ਕੋਈ ਪੰਜ ਮੁਹਾਵਰਿਆਂ ਦੀ/ਸ਼ਬਦਾਂ ਦੀ ਵਾਕਾਂ ਵਿਚ ਵਰਤੋਂ ਕਰੋ: 5*2= 10 ਅੰਕ

1. ਦਿਨ ਫਿਰਨੇ, ਧੱਕਾ ਕਰਨਾ, ਨੱਕ ਤੇ ਮੱਖੀ ਨਾ ਬਹਿਣ ਦੇਣਾ,ਪਾਪੜ ਵੇਲਣਾ, ਭੰਡੀ ਕਰਨੀ,ਢੇਰੀ,ਰੁਜ਼ਗਾਰ,ਮਨਮੋਹਕ

11. ਅਸੀਂ ਪਾਠ ਕਰਦੇ ਹਾਂ। ਵਾਕ ਵਿਚੋਂ ਪੜਨਾਂਵ ਸ਼ਬਦ ਚੁਣੋ। 2 ਅੰਕ

12. ਹੇਠ ਲਿਖੀਆਂ ਵਿਚੋਂ ਕਿਸੇ ਇਕ ਵਿਸ਼ੇ ਤੇ ਲੇਖ ਲਿਖੋ: 10 ਅੰਕ

ਅੱਖੀਂ ਡਿੱਠਾ ਮੇਲਾ,ਸ਼ਹੀਦ ਭਗਤ ਸਿੰਘ,15 ਅਗਸਤ,ਪ੍ਰਦੂਸ਼ਣ ਦੀ ਸਮੱਸਿਆ ,ਸਿਨਮਾ

13.ਫੀਸ ਮੁਆਫੀ ਲਈ ਸਕੂਲ ਮੁਖੀ ਨੂੰ ਬਿੱਨੈ ਪੱਤਰ 8 ਅੰਕ

ਜਾਂ

ਡਾਕ ਪ੍ਰਬੰਧ ਨੂੰ ਸੁਧਾਰਨ ਲਈ ਪੋਸਟ ਮਾਸਟਰ ਨੂੰ ਬਿੱਨੈ ਪੱਤਰ।

14. ਡੱਬਿਆਂ ਵਿਚੋਂ ਦਿੱਤੇ ਸ਼ਬਦਾਂ ਵਿੱਚੋਂ ਕੋਈ ਅੱਠ ਸਾਰਥਕ ਸ਼ਬਦ ਚੁਣੋ 8 ਅੰਕ

| | | | | | | | |
|---|---|---|---|---|---|---|---|
| ਭੂ | ਹ | ਰਿ | ਦੁ | ਆ | ਰ | ਜਾ | ਗ |
| ਆ | ਵਿ | ਚਾ | ਰਾ | ਉ | ਡਾ | ਣ | ਭ |
| ਇ | ਕ | ਰ | ਵਾ | ਏ | ਗੀ | ਇ | ਰ |
| ਸ਼ | ਪਿ | ਤਾ | ਉ | ਤ | ਰ | ਹ | ਜ਼ |
| ਨਾ | ਉ | ਦੋ | ਛੱ | ਲੀ | ਆਂ | ਨਾ | ਈ |
| ਨ | ਪ | ਰੱ | ਸਿ | ਆ | ਤ | ਕ | ੜਾ |

15. ਕਿਰਿਆ ਕੀ ਹੁੰਦੀ ਹੈ ਇਸਦੀ ਪਰਿਭਾਸ਼ਾ ਦਿਓ? 3 ਅੰਕ

ਜਾਂ

ਵਿਸ਼ੇਸ਼ਣ ਕੀ ਹੁੰਦਾ ਹੈ ਇਸਦੀ ਪਰਿਭਾਸ਼ਾ ਦਿਓ?

ਤਿਆਰ ਕਰਤਾ-

ਗੁਰਭਗਤ ਸਿੰਘ(ਪੰਜਾਬੀ ਅਧਿਆਪਕ)

ਸਰਕਾਰੀ ਹਾਈ ਸਕੂਲ ਹੁਸਨਰ